ਬੱਚਿਆਂ ਲਈ ਬਾਈਬਲ

ਉੱਪਸਥਿਤ



# ਅੱਤਿਆਚਾਰ ਤੋਂ ਲੈਕੇ ਪਰਚਾਰ ਤੱਕ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪਰਮੇਸ਼ਵਰ ਨੇ ਸ਼ੁਰੂ ਦੀਆਂ
ਕਲੀਸੀਆਵਾਂ ਵਿੱਚ ਆਪਣੇ ਲੋਕਾਂ
ਦੇ ਦੁਆਰਾ ਮਹਾਨ ਕੰਮ ਕੀਤੇ।
ਇੱਕ ਮਨੁੱਖ ਜਿਸ ਦਾ ਨਾ ਫ਼ਿਲਪਸ,
ਸ਼ਹਿਰ ਦੀ ਭੀੜ ਨੂੰ ਯਿਸੂ ਦੇ
ਬਾਰੇ ਦੱਸਣ ਵਿੱਚ ਵਿਅਸਤ ਸੀ।
ਪਰ ਪਰਮੇਸ਼ਵਰ ਨੇ ਉਸ ਨੂੰ
ਜੰਗਲ ਵਿੱਚ ਘੱਲਿਆ। ਕਿਉਂ?



ਪਰਮੇਸ਼ਵਰ ਜਾਣਦਾ ਸੀ ਕੀ
ਜੰਗਲ ਵਿੱਚ ਇੱਕ ਯਾਤਰੀ ਹੈ, ਜੋ
ਇਥੋਪੀਆਦੀ ਰਾਣੀ ਕੰਨਦੇਸ ਦਾ
ਨਿਆਈ ਸੀ। ਉਹ ਆਪਣੇ ਘਰ
ਨੂੰ ਜਾ ਰਿਹਾ ਸੀ ਅਤੇ ਇੱਕ
ਜਰੂਰੀ ਕਿਤਾਬ ਪੜ ਰਿਹਾ ਸੀ।
ਕੀ ਤੁਸੀ ਅੰਦਾਜ਼ਾ ਲਗਾ ਸਕਦੇ ਹੋ
ਕੀ ਉਹ ਕਿਤਾਬ ਕਿਹੜੀ ਸੀ?



ਜਦ
ਫ਼ਿਲਪਸ ਨੇ
ਪਰਮੇਸ਼ਵਰ ਦੀ
ਆਗਿਆ ਮੰਨੀ,
ਪਰਮੇਸ਼ਵਰ ਉਸ ਨੂੰ ਸਿੱਧਾ
ਹਾਕਮ ਦੇ ਵੱਲ ਲੈ ਗਿਆ ਜਿਹੜਾ
ਪਰਮੇਸ਼ਵਰ ਦਾ ਵਚਨ ਬਿਨਾ ਸਮਝ ਦੇ
ਪੜ ਰਿਹਾ ਸੀ। ਉਸ ਨੇ ਫ਼ਿਲਪਸ ਨੂੰ
ਆਪਣੇ ਕੋਲ ਆਉਣ ਲਈ ਸੱਦਾ ਦਿੱਤਾ।

"ਇਸਦਾ ਅਰਥ ਕੀ ਹੈ?" ਹਾਕਮ ਨੇ ਫ਼ਿਲਪਸ ਨੂੰ ਪੁੱਛਿਆ। ਜਿਵੇਂ ਹੀ ਰੱਥ ਨੇ ਜੰਗਲ ਦਾ ਰਾਹ ਲਿਆ, ਫ਼ਿਲਪਸ ਨੇ ਆਪਣਾ ਮੂੰਹ ਖੋਲਿਆ ਅਤੇ ਵਚਨ ਨੂੰ ਸ਼ੁਰੂ ਤੋਂ ਲੈਕੇ ਯਿਸੂ ਮਸੀਹ ਤੱਕ ਪਰਚਾਰ ਕੀਤਾ।





ਅਫ਼ਰੀਕਾ ਦੇ ਹਾਕਮ ਨੇ
ਛੇਤੀ ਨਾਲ ਬਾਈਬਲ ਤੇ ਵਿਸ਼ਵਾਸ਼
ਕਰ ਲਿਆ, ਕੀ ਯਿਸੂ ਮਸੀਹ ਹੀ
ਪਰਮੇਸ਼ਵਰ ਦਾ ਪੁੱਤਰ ਹੈ। ਕੁਝ ਪਾਣੀ ਨੂੰ
ਵੇਖਣ ਤੋਂ ਬਾਅਦ, ਉਸਨੇ ਕਿਹਾ, “ਹੁਣ ਮੈਨੂੰ
ਬਪਤਿਸਮਾ ਲੈਣ ਤੋਂ ਕੋਣ ਰੋਕ ਸਕਦਾ ਹੈ?”

ਤਦ ਫ਼ਿਲਪਸ ਨੇ ਕਿਹਾ, “ਜੇਕਰ ਤੂੰ ਸਾਰੇ ਮਨ ਦੇ ਨਾਲ ਵਿਸ਼ਵਾਸ਼ ਕਰੇ, ਤਾਂ ਤੂੰ ਲੈ ਸਕਦਾ ਹੈ।” ਜਦ ਹਾਕਮ ਨੇ ਉੱਤਰ ਦਿੱਤਾ, “ਮੈਂ ਵਿਸ਼ਵਾਸ਼ ਕਰਦਾ ਹਾਂ ਕੇ ਯਿਸੂ ਮਸੀਹ ਹੀ ਪਰਮੇਸ਼ਵਰ ਦਾ ਪੁੱਤਰ ਹੈ,” ਫ਼ਿਲਪਸ ਉਸਨੂੰ ਪਾਣੀ ਵਿੱਚ ਲੈ ਗਿਆ ਅਤੇ ਉਸਨੂੰ ਬਪਤਿਸਮਾ ਦਿੱਤਾ।





ਹੁਣ ਜਦ ਉਹ ਪਾਣੀ ਵਿੱਚੋਂ ਬਾਹਰ
ਆਏ, ਤਾਂ ਪਰਮੇਸ਼ਵਰ ਦਾ ਆਤਮਾਂ
ਫ਼ਿਲਪਸ ਨੂੰ ਉੱਥੋਂ ਲੈ ਗਿਆ, ਤਾਂ
ਅਫ਼ਰੀਕਨ ਹਾਕਮ ਨੇ ਉਸ ਨੂੰ ਦੂਬਾਰਾ
ਨਾਂ ਵੇਖਿਆ। ਉਹ ਖੁਸ਼ੀ ਮਨਾਉਂਦਾ
ਇਥੋਪੀਆ ਨੂੰ ਵਾਪਸ ਮੁੜ ਗਿਆ।

ਪਰ ਕੁਝ ਲੋਕ ਇਸਾਈਆਂ ਤੋਂ ਨਫ਼ਰਤ ਕਰਦੇ ਸਨ। ਸਤਿਫ਼ਨੁਸ, ਫ਼ਿਲਪਸ ਦੇ ਦੋਸਤਾਂ ਵਿੱਚੋਂ ਇੱਕ, ਉਹਨਾਂ ਗੁੱਸੇ ਨਾਲ ਭਰੇ ਹੋਏ ਲੋਕਾਂ ਦੁਆਰਾ ਮਾਰਿਆ ਗਿਆ ਜਿਹੜੇ ਨਹੀ ਚਾਹੁੰਦੇ ਸਨ ਕੀ ਉਹ ਯਿਸੂ ਦੇ ਬਾਰੇ ਗੱਲ ਕਰੇ। ਤਰਸ਼ਿਸ਼ ਤੋਂ ਸ਼ੋਲ ਨਾ ਦੇ ਮਨੁੱਖ ਸਤਿਫ਼ਨੁਸ ਨੂੰ ਮਾਰਨ ਵਿੱਚ ਮਦਦ ਕੀਤੀ। ਸ਼ੋਲ ਸਾਰੇ ਇਸਾਈਆਂ ਤੋਂ ਨਫ਼ਰਤ ਕਰਦਾ ਸੀ।



ਸ਼ੌਲ ਇਸਾਈਆਂ ਨੂੰ ਦਬਕਾਉਣ ਲਈ ਅਤੇ ਮਾਰਨ ਤੇ ਦਮ ਮਾਰਦਾ ਹੋਇਆ, ਯਾਜਕ ਦੇ ਕੋਲੋਂ ਆਪਣੇ ਲਈ ਅਧਿਕਾਰਿਕ ਚਿੱਠੀ ਲੈਣ ਗਿਆ ਕੀ ਉਹਨਾਂ ਮਨੁੱਖਾਂ ਅਤੇ ਔਰਤਾਂ ਨੂੰ ਬੰਦੀ ਬਣਾਵੇ ਜਿਹੜੇ ਯਿਸੂ ਦੇ ਪਿੱਛੇ ਚਲਦੇ ਹਨ।





ਤਰਸ਼ਿਸ਼ ਤੋਂ ਕਮਜ਼ੋਰ ਸ਼ੋਲ! ਉਹ ਨਹੀ ਜਾਣਦਾ ਸੀ ਕੀ ਜਦ ਉਹ ਪਰਮੇਸ਼ਵਰ ਦੇ ਲੋਕਾਂ ਨੂੰ ਤੰਗ ਕਰਦਾ ਹੈ, ਉਹ ਪ੍ਰਭੂ ਯਿਸੂ ਨੂੰ ਹੀ ਤੰਗ ਕਰ ਰਿਹਾ ਸੀ। ਪਰਮੇਸ਼ਵਰ ਸ਼ੋਲ ਨੂੰ ਰੋਕੇਗਾ। ਪਰ ਕਿਵੇਂ?

ਪਰਮੇਸ਼ਵਰ ਨੇ ਸ਼ੋਲ ਨੂੰ
“ਬੰਦੀ” ਬਣਾ ਲਿਆ!
ਝਦ ਸ਼ੋਲ ਦਮਸਕਸ
ਸ਼ਹਿਰ ਦੇ ਰਾਹ ਨੂੰ ਜਾ
ਰਿਹਾ ਸੀ, ਪਰਮੇਸ਼ਵਰ ਨੇ
ਸਵਰਗ ਤੋਂ ਮਹਾਨ ਰੌਸ਼ਨੀ
ਭੇਜੀ। ਸ਼ੋਲ ਧਰਤੀ ਤੇ
ਡਿੱਗ ਪਿਆ। ਤਦ ਉਸ
ਨੇ ਇੱਕ ਆਵਾਜ ਸੁਣੀ।





“ਪ੍ਰਭੂ, ਤੁਸੀ ਕੌਣ ਹੋ?” ਸ਼ੋਲ ਬੋਲਿਆ। “ਮੈਂ ਯਿਸੂ ਹਾਂ, ਜਿਸ ਨੂੰ ਤੂੰ ਸਤਾ ਰਿਹਾ ਹੈ।” ਕੰਬਦੇ ਹੋਏ ਅਤੇ ਹੈਰਾਨ ਹੋਏ, ਸ਼ੌਲ ਨੇ ਪੁੱਛਿਆ, “ਪ੍ਰਭੂ, ਤੁਸੀ ਕੀ ਚਾਹੁੰਦੇ ਹੋ ਕੀ ਮੈਂ ਕਰਾਂ?” ਅਤੇ ਪਰਮੇਸ਼ਵਰ ਨੇ ਉਸ ਨੂੰ ਕਿਹਾ, “ਖੁੜਾ ਹੋ ਅਤੇ ਸ਼ਹਿਰ ਨੂੰ ਜਾਹ, ਅਤੇ ਤੈਨੂੰ ਦੱਸਿਆ ਜਾਵੇਗਾ ਕੇ ਤੂੰ ਕੀ ਕਰਨਾ ਹੈ।”

ਸ਼ੌਲ ਦੇ ਨਾਲ ਦੇ ਮਨੁੱਖਾਂ
ਨੇ ਵੀ ਆਵਾਜ ਸੁਣੀ, ਪਰ
ਕਿਸੇ ਨੂੰ ਨਾਂ ਵੇਖਿਆ।
ਸ਼ੌਲ ਧਰਤੀ ਤੋਂ ਉੱਠਿਆ
– ਅਤੇ ਜਾਣਿਆ ਕੇ ਉਹ
ਅੰਨ੍ਹਾ ਹੈ! ਉਹ ਉਸ ਨੂੰ
ਦਮਸਕਸ ਨੂੰ
ਲੈ ਗਏ।



ਸ਼ਹਿਰ ਵਿੱਚ, ਸ਼ੋਲ ਤਿੰਨ ਦਿਨ ਤੱਕ ਅੰਨਾ ਰਿਹਾ ਅਤੇ ਨਾ ਉਸ ਨੇ ਕੁਝ ਖਾਦਾ ਅਤੇ ਨਾ ਕੁਝ ਪੀਤਾ। ਸ਼ਾਇਦ ਉਸ ਨੇ ਉਹ ਸਮਾਂ ਪ੍ਰਭੂ ਯਿਸੂ ਦੇ ਨਾਲ ਪ੍ਰਾਥਨਾਂ ਵਿੱਚ ਬਿਤਾਇਆ ਜੋ ਉਸ ਨੂੰ ਦਮਸਕਸ ਦੇ ਰਾਹ ਵਿੱਚ ਮਿਲਿਆ ਸੀ।



ਪਰਮੇਸ਼ਵਰ ਨੇ ਸਭ ਯੋਜਨਾ ਬਣਾਈ ਸੀ। ਦਮਸਕਸ ਦੇ ਵਿੱਚ ਇੱਕ ਅਨਨੀਆਸ ਨਾ ਦਾ ਚੇਲਾ ਸੀ। ਪ੍ਰਭੂ ਨੇ ਉਸ ਨੂੰ ਸ਼ੋਲ ਦੀ ਸਹਾਇਤਾ ਕਰਨ ਨੂੰ ਭੇਜਿਆ।ਅਨਨੀਆਸ ਡਰ ਗਿਆ, ਪਰ ਉਸ ਨੇ ਪਰਮੇਸ਼ਵਰ ਦੀ ਆਗਿਆ ਨੂੰ ਮੰਨਿਆ। ਜਦ ਉਸ ਨੇ ਆਪਣਾ ਹੱਥ ਸ਼ੋਲ ਉੱਤੇ ਵਧਾਇਆ ਤਾਂ ਅੰਨ੍ਹਾ - ਪਨ ਚਲਾ ਗਿਆ - ਅਤੇ ਸ਼ੋਲ ਪਰਮੇਸ਼ਵਰ ਦੀ ਪਵਿੱਤਰ ਆਤਮਾਂ ਨਾਲ ਭਰ ਗਿਆ।



ਸ਼ੋਲ ਨੂੰ ਬਪਤਿਸਮਾਂ ਦਿੱਤਾ ਗਿਆ।
ਤਦ ਉਸ ਨੇ ਖਾਦਾ। ਅਤੇ ਜਦ ਉਸ
ਨੇ ਭੋਜਨ ਖਾ ਲਿਆ, ਉਸ ਨੇ ਬਲ
ਪ੍ਰਾਪਤ ਕੀਤਾ। ਸ਼ੋਲ ਨੂੰ ਤਾਕਤ
ਚਾਹੀਦੀ ਸੀ। ਉਸ ਨੇ ਕੁਝ ਬਹੁਤ
ਹੀ ਜਰੂਰੀ ਕੰਮ ਕਰਨਾ ਸੀ।



ਇੱਕ ਦਮ ਸ਼ੋਲ ਨੇ ਯਿਸੂ ਦਾ ਹੈਕਲ ਵਿੱਚ
ਪਰਚਾਰ ਕੀਤਾ, ਕੀ ਉਹ ਪਰਮੇਸ਼ਵਰ ਦਾ
ਪੁੱਤਰ ਹੈ। ਤਦ ਉਹ ਸਾਰੇ ਜਿਹਨਾਂ
ਸੁਣਿਆ ਹੈਰਾਨ ਹੋ ਗਏ, ਅਤੇ
ਆਖਿਆ, “ਕੀ ਇਹ ਉਹ ਨਹੀ
ਜਿਸ ਨੇ ਇਸਾਈਆਂ ਦਾ ਨਾਸ਼
ਕੀਤਾ?” ਅਤੇ
ਕਈਆਂ ਨੇ
ਸ਼ੋਲ ਨੂੰ
ਮਾਰਨ ਦੀ
ਯੋਜਨਾ
ਬਣਾਈ।





ਕੀ ਜਦ ਉਹ ਸ਼ਹਿਰ ਨੂੰ ਛੱਡਣ ਦੀ ਕੋਸ਼ੀਸ਼ ਕਰੇਗਾ ਸ਼ੋਲ ਦੇ ਨਵੇ ਦੁਸ਼ਮਣ ਸ਼ੋਲ ਨੂੰ ਮਾਰਨ ਲਈ ਸ਼ਹਿਰ ਦੇ ਫਾਟਕ ਨੂੰ ਦੇਖ ਰਹੇ ਸਨ । ਪਰ ਉਸ ਦੇ ਨਵੇ ਦੋਸਤ ਇਸਾਈਆਂ ਨੇ ਉਸ ਨੂੰ ਰਾਤ ਦੇ ਵੇਲੇ ਲੈਕੇ ਦੀਵਾਰ ਦੇ ਬਾਹਰ ਇੱਕ ਵੱਡੀ ਟੋਕਰੀ ਵਿੱਚ ਬਿਠਾ ਕੇ ਉਤਾਰ ਦਿੱਤਾ।



ਅਤੇ ਉਦੋਂ ਤੋ, ਸ਼ੋਲ
ਇਸਾਈਆਂ ਨੂੰ ਦੁੱਖ
ਦੇਣ ਵਾਲਾ ਆਪਣੇ ਨਵੇਂ
ਮਾਸਟਰ ਪ੍ਰਭੂ ਯਿਸੂ
ਮਸੀਹ ਦਾ ਇੱਕ
ਵਿਸ਼ਵਾਸ਼ ਯੋਗ
ਚੇਲਾ ਬਣ ਕੇ
ਜੀਉਣ ਲੱਗਾ।

# ਅੱਤਿਆਚਾਰ ਤੋਂ ਲੈਕੇ ਪਰਚਾਰ ਤੱਕ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤਬ 8-9

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16